## ਸ਼੍ਰੋ: ਗੁ: ਪ੍ਰ: ਕਮੇਟੀ ਦੇ ਬਜਟ ਅਜਲਾਸ ਸਮੇਂ ਪਾਸ ਕੀਤੇ ਗਏ ਵਿਸ਼ੇਸ਼ ਮਤੇ :

.............................................................

(੨)

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਇਜਲਾਸ ਸ: ਪਾਲ ਸਿੰਘ (ਪੁਰੇਵਾਲ) ਪਿੰਡ ਤੇ ਡਾਕਘਰ ਸ਼ੰਕਰ (ਜਲੰਧਰ) ਹਾਲ ਕਨੇਡਾ ਨਿਵਾਸੀ ਵਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਦੇ ਖਰੜਾ, ਜੋ ਧਰਮ ਪ੍ਰਚਾਰ ਕਮੇਟੀ ਆਪਣੇ ਮਤਾ ਨੰਬਰ ੬੯੮, ਮਿਤੀ ੧੦-੧੨-੯੭ ਅਤੇ ਅੰਤ੍ਰਿੰਗ ਕਮੇਟੀ ਆਪਣੇ ਮਤਾ ਨੰਬਰ ੧੭੮, ਮਿਤੀ ੧੫-੧-੯੮ ਰਾਹੀਂ ਪਹਿਲਾਂ ਹੀ ਪਰਵਾਨ ਕਰ ਚੁੱਕੀ ਹੈ, ਨੂੰ ਮੂਲ ਰੂਪ ਵਿੱਚ ਹੀ ਇਸ ਖਰੜੇ ਦੀ ਪੁਸ਼ਟੀ ਕਰਦਾ ਹੈ ।

ਇਸ ਖਰੜੇ ਮੁਤਾਬਿਕ ਜੰਤਰੀ ਅਤੇ ਕੈਲੰਡਰ ਸ੍ਰ: ਪਾਲ ਸਿੰਘ ਦੀ ਦੇਖ-ਰੇਖ ਵਿੱਚ ਧਰਮ ਪ੍ਰਚਾਰ ਕਮੇਟੀ ਵਲੋਂ ਤਿੰਨ ਸੌ ਸਾਲਾ ਸਾਜਣਾ ਦਿਵਸ ਵਾਲੀ ਮੱਦ ਵਿੱਚੋਂ ਖਰਚ ਕਰਕੇ ਛਪਵਾਉਣ ਦੀ ਪ੍ਰਵਾਨਗੀ ਦਿੰਦਾ ਹੈ ।

ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਅੱਜ ਤੋਂ ਹੀ ਨਾਨਕਸ਼ਾਹੀ ਜੰਤਰੀ ਅਨੁਸਾਰ ਗੁਰਦੁਆਰਾ ਸਾਹਿਬਾਨ ਵਿਖੇ ਗੁਰਪੁਰਬ ਤੇ ਹੋਰ ਦਿਨ-ਦਿਹਾਰ ਮਨਾਏ ਜਾਣ ਅਤੇ ਸੰਗਤਾਂ ਆਪਣੇ ਪਰਿਵਾਰਕ ਤੇ ਸਮਾਜਕ ਕਾਰ-ਵਿਹਾਰ ਵੀ ਇਸ ਜੰਤਰੀ ਅਨੁਸਾਰ ਹੀ ਕਰਨ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਸਮਾਗਮ ਸਿੱਖ ਕੌਮ ਦਾ ਵੱਖਰਾ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਲਈ ਸ੍ਰ: ਪਾਲ ਸਿੰਘ ਵੱਲੋਂ ਕੀਤੀ ਅਣਥੱਕ ਮਿਹਨਤ ਦੀ ਭਰਪੂਰ ਸ਼ਲਾਘਾ ਕਰਦਾ ਹੈ ।"

(ਗੁਰਮਤਿ ਪ੍ਰਕਾਸ਼, ਮਈ, ੧੯੯੮, ਪੰ:੯੮)